## ਸ਼ੇਖ ਫ਼ਰੀਦ - ਸਬਦ ੫੨

### ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥

### ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੦

ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥੪੮॥

ਸਾਰ: ਸਰੀਰਕ ਮੌਤ ਦੇਹੀ ਦੇ ਕੁਦਰਤੀ ਅੰਤ ਨੂੰ ਦਰਸਾਉਂਦੀ ਹੈ, ਜਦਕਿ ਰੂਹਾਨੀ ਮੌਤ ਦੇਹੀ ਦੇ ਜੀਉਂਦਿਆਂ ਵੀ ਹੋ ਸਕਦੀ ਹੈ। ਰੂਹਾਨੀ ਮੌਤ ਸਾਡੇ ਅੰਤਹਕਰਣ ਦੀ ਅਵਾਜ਼ ਹੌਲੇ-ਹੌਲੇ ਮੱਧਮ ਪੈਣ ਨਾਲ ਹੁੰਦੀ ਹੈ ਜਦੋਂ ਸਾਡੇ ਜੀਵਨ ਵਿਚੋਂ ਚਿੰਤਨ ਰੂਪੀ ਨਾਦ ਖਤਮ ਹੋ ਜਾਂਦਾ ਹੈ। ਸਰੀਰਕ ਮੌਤ ਵਿਚ ਦੇਹੀ ਦਾ ਅੰਤ ਇਕੋ ਵਾਰ ਹੁੰਦਾ ਹੈ, ਪਰ ਰੂਹਾਨੀ ਮੌਤ ਵਿਚ ਸਾਡੀ ਅੰਦਰਲੀ ਸਪਸ਼ਟਤਾ ਨਿਰੰਤਰ ਧੁੰਦਲੀ ਪੈਂਦੀ ਹੈ, ਜੋ ਖਾਲੀਪਣ ਜਾਂ ਵਿਛੋੜੇ ਦੀ ਭਾਵਨਾ ਵੱਲ ਲੈ ਜਾਂਦੀ ਹੈ। ਅਸਲ ਪੀੜਾ ਸਰੀਰਕ ਮੌਤ ਵਿਚ ਨਹੀਂ, ਸਗੋਂ ਉਸ ਜੀਵਨ ਵਿਚ ਹੈ ਜੋ ਅੰਤਰੀਵੀ ਸਤਾ ਤੋਂ ਸੱਖਣਾ ਹੋਵੇ। ਇਸ ਲਈ ਪੁਨਰ ਸੁਰਜੀਤੀ ਦਾ ਭਾਵ ਹੈ ਆਪਣੇ ਅੰਤਹਕਰਣ ਦੀ ਅਵਾਜ਼ ਨੂੰ ਮੁੜ ਬਹਾਲ ਕਰਨਾ।

ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥
ਫਰੀਦ ਕਹਿੰਦੇ ਹਨ ਕਿ ਜਿਵੇਂ ਦੋ ਦੀਵੇ ਬਲਦੇ ਹਨ ਅਤੇ ਮੌਤ ਦਸਤਕ ਦਿੰਦੀ ਹੋਈ ਅੰਦਰ ਵਸ ਜਾਂਦੀ ਹੈ। ਇਹ ਦੀਵੇ ਮਨ ਦੇ ਦਵੈਤ ਨੂੰ ਦਰਸਾਉਂਦੇ ਹਨ, ਜੋ ਮੇਰ-ਤੇਰ ਰੂਪੀ ਵਿਤਕਰੇ ਨੂੰ ਪਨਾਹ ਦਿੰਦੇ ਹਨ ਹੈ ਅਤੇ ਆਪਣੀ ਸਾਂਝੀ ਅਸਥਿਰਤਾ ਤੋਂ ਅਣਜਾਣ ਰਹਿੰਦੇ ਹਨ।

ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥੪੮॥
ਕਿਲ੍ਹੇ 'ਤੇ ਕਬਜ਼ਾ ਕਰ, ਭਾਂਡਾ ਲੁੱਟ ਲਿਆ ਗਿਆ ਹੈ, ਅਤੇ ਦੀਵੇ ਬੁਝਾ ਦਿੱਤੇ ਗਏ ਹਨ। ਇਹ ਮਨ ਅਤੇ ਸਰੀਰ ਦੇ ਕੁਦਰਤੀ ਵਰਤਾਰੇ ਸਾਹਮਣੇ ਸੰਪੂਰਨ ਸਮਰਪਣ ਦਾ ਪ੍ਰਤੀਕ ਹੈ, ਜਿਸ ਨਾਲ ਹਉਮੈ ਦੇ ਗੜ੍ਹ ਦਾ ਅੰਤਮ ਵਿਨਾਸ਼ ਹੁੰਦਾ ਹੈ। (੪੮)

ਤੱਤ: ਸ਼ੇਖ ਫ਼ਰੀਦ ਗੂੜ੍ਹ ਗਿਆਨ ਨੂੰ ਉਜਾਗਰ ਕਰਨ ਲਈ ਵੱਖ-ਵੱਖ ਦ੍ਰਿਸ਼ਟਾਤਾਂ ਦੀ ਵਰਤੋਂ ਸੁਹਿਰਦਤਾ ਨਾਲ ਕਰਦੇ ਹਨ। ਉਹ ਇਕ "ਕਿਲ੍ਹੇ" ਨੂੰ ਘੇਰੇ ਜਾਣ, ਭਾਂਡੇ ਦੇ ਲੁੱਟੇ ਜਾਣ, ਅਤੇ ਦੀਵੇ ਦੇ ਬੁਝ ਜਾਣ ਦਾ

ਦ੍ਰਿਸ਼ਟਾਂਤ ਵਰਤਦੇ ਹਨ। ਇਹ ਪ੍ਰਗਟਾਵੇ ਨਾ ਸਿਰਫ਼ ਸਰੀਰਕ ਮੌਤ ਦੀ ਅਸਲੀਅਤ ਬਲਕਿ ਅੰਤਰੀਵੀ ਮੌਤ ਨੂੰ ਵੀ ਦਰਸਾਉਂਦੇ ਹਨ ਜੋ ਜਾਗਰੂਕਤਾ ਨੂੰ ਨਜ਼ਰਅੰਦਾਜ਼ ਕਰਨ ਨਾਲ ਪ੍ਰਾਪਤ ਹੁੰਦੀ ਹੈ। ਪਰ ਜੇ ਅਸੀਂ ਪੜਚੋਲ ਰਹਿਤ ਢਾਂਚਿਆਂ ਨੂੰ ਨਿਹਾਰੀਏ ਤਾਂ ਮਨ ਦੀ ਸੁਰੱਖਿਆ ਜੋ ਸਾਨੂੰ ਬੰਨ੍ਹ ਕੇ ਰੱਖਦੀ ਹੈ, ਖਤਮ ਹੋ ਜਾਂਦੀ ਹੈ। ਵਿਸ਼ਵਵਿਆਪੀ ਨਿਯਮਾਂ ਦੇ ਅੱਗੇ ਸਮਰਪਣ ਕਰਨ ਨਾਲ ਹਉਮੈ ਦਾ ਗੜ੍ਹ ਕਮਜ਼ੋਰ ਹੋ ਜਾਂਦਾ ਹੈ, ਜਿਸ ਨਾਲ ਸਾਨੂੰ ਮੁਕਤੀ ਪ੍ਰਾਪਤ ਹੁੰਦੀ ਹੈ।

---

ਪਹਿਲਕਦਮੀ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**